CIVIL SERVICES (MAIN) EXAM-2022

CRNA-S-PNJB

ਪੰਜਾਬੀ / PUNJABI

ਪੇਪਰ II / Paper II

(ਸਾਹਿਤ) / (LITERATURE)

ਨਿਰਧਾਰਿਤ ਸਮਾਂ : **ਤਿੰਨ** ਘੰਟੇ
*Time Allowed : **Three** Hours*

ਕੁੱਲ ਅੰਕ : **250**
*Maximum Marks : **250***

ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ/ ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

Question Paper Specific Instructions

Please read each of the following instructions carefully before attempting questions :

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

The number of marks carried by a question / part is indicated against it.

*Answers must be written in **PUNJABI (Gurumukhi script)**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.

Optional Province · optionalprovince.com

SECTION A

Q1. ਹੇਠ ਲਿਖੇ ਪੰਜਾਂ ਕਾਵਿ-ਟੋਟੀਆਂ ਦੀ ਪ੍ਰਸੰਗ ਸਾਹਿਤ ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ ਭਾਗ) *10×5=50*

(a) ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ।।
ਭਰਿ ਸਰਵਰੁ ਜਬ ਊਛਲੈ ਤਬ ਤਰੁਣ ਦੁਹੇਲਾ ।।
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ।।ਰਹਾਉ।।
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ।।
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ।। ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ।। *10*

(b) ਭਰੀਐ ਹਥੁ ਪੈਰੁ ਤਨੁ ਦੇਹ ।। ਪਾਣੀ ਧੋਤੈ ਉਤਰਸੁ ਖੇਹ ।।
ਮੂਤ ਪਲੀਤੀ ਕਪੜੁ ਹੋਏ ।। ਦੇ ਸਾਬੂਣੁ ਲਈਐ ਓਹੁ ਧੋਇ ।।
ਭਰੀਐ ਮਤਿ ਪਾਪਾ ਕੈ ਸੰਗਿ ।। ਓਹੁ ਧੋਪੈ ਨਾਵੈ ਕੈ ਰੰਗਿ ।।
ਪੁੰਨੀ ਪਾਪੀ ਆਖਣੁ ਨਾਹਿ ਕਰਿ ਕਰਿ ਕਰਣਾ ਲਿਖਿ ਲੈ ਜਾਹੁ ।।
ਆਪੇ ਬੀਜਿ ਆਪੇ ਹੀ ਖਾਹੁ ।। ਨਾਨਕ ਹੁਕਮੀ ਆਵਹੁ ਜਾਹੁ ।। *10*

(c) ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ।।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ।।
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ *10*

(d) ਆਓ ਸਈਓ ਰਲ ਦਿਉ ਨੀ ਵਧਾਈ ।
ਮੈ ਬਰ ਪਾਇਆ ਰਾਂਝਾ ਮਾਹੀ ।
ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ,
ਹੱਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ,
ਆਓ ਸਈਓ ਰਲ ਦਿਉ ਨੀ ਵਧਾਈ । *10*

(e) ਮੈਨੂੰ, ਬਾਬਲ ਦੀ ਸਹੁੰ ਹੈ ਰਾਂਝਣਾ ਵੇ, ਮਰੇ ਮਾਉ ਜੋ ਤੁੱਧ ਥੀਂ ਮੁੱਖ ਮੋੜਾਂ ।
ਤੇਰੇ ਬਾਝ ਤਾਂ ਤਾਮ ਹਰਾਮ ਮੈਨੂੰ, ਤੁੱਧ ਬਾਝ ਨ ਨੈਣ ਨਾਲ ਨੈਣ ਜੋੜਾਂ ।
ਖ਼ਾਜਾ ਖ਼ਿਜਰ ਤੇ ਬੈਠ ਕੇ ਕਸਮ ਖਾਧੀ, ਥੀਵਾਂ ਸੂਰ ਜੋ ਪ੍ਰੀਤ ਦੀ ਰੀਤ ਤੋੜਾਂ ।
ਕੋੜ੍ਹੀ ਹੋਇ ਕੈ ਨੈਣ ਪਰਾਣ ਜਾਵਣ, ਤੇਰੇ ਬਾਝ ਜੇ ਮੁਨਸ ਮੈਂ ਹੋਰ ਜੋੜਾਂ । *10*

Optional Province · optionalprovince.com

Q2. (a) ''ਸ਼ੇਖ ਫ਼ਰੀਦ ਨੇ ਆਪਣੀ ਬਾਣੀ ਵਿਚ ਮਾਨਣੀ ਅਸਤਿਤੱਵ ਦੁਆਲੇ ਕੇਂਦਰਿਤ ਸਥਾਨਕ ਪ੍ਰਤੀਕਾਂ ਦੁਆਰਾ ਸੂਫ਼ੀ-ਇਸਲਾਮੀ ਅਧਿਆਤਮਿਕਤਾ ਦਾ ਸੰਚਾਰ ਕੀਤਾ ਹੈ ।'' ਇਸ ਕਥਨ ਬਾਰੇ ਟਿੱਪਣੀ ਕਰੋ । *20*

(b) ''ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਦੇ 'ਪੰਜ ਖੰਡਾਂ' ਰਾਹੀਂ ਨਿਰੰਕਾਰ ਦੀ ਅਨੁਭੂਤੀ ਲਈ ਗਿਆਨ ਤੇ ਕਰਮ ਆਧਾਰਿਤ ਸਾਧਨਾ-ਮਾਰਗ ਪ੍ਰਦਰਸ਼ਿਤ ਕੀਤਾ ਹੈ ।'' ਚਰਚਾ ਕਰੋ । *15*

(c) ''ਬੁੱਲ੍ਹੇ ਸ਼ਾਹ ਦੀਆਂ 'ਕਾਫ਼ੀਆਂ' ਵਿਚ 'ਇਸ਼ਕ ਮਿਜ਼ਾਜ਼ੀ' ਅਤੇ 'ਇਸ਼ਕ ਹਕੀਕੀ', ਦੋਹਾਂ ਦੀ, ਅਭਿਵਿਅਕਤੀ ਕੀਤੀ ਗਈ ਹੈ । ਉਸਨੇ 'ਇਸ਼ਕ ਹਕੀਕੀ' ਦੀ ਮੰਜ਼ਲ 'ਤੇ ਪਹੁੰਚਣ ਲਈ 'ਇਸ਼ਕ ਮਿਜ਼ਾਜ਼ੀ' ਦੇ ਰਾਹ ਨੂੰ ਅਪਨਾਉਣ ਦੀ ਵਕਾਲਤ ਕੀਤੀ ਹੈ ।'' ਇਸ ਕਥਨ ਬਾਰੇ ਆਪਣੇ ਵਿਚਾਰ ਦਿਉ । *15*

Q3. (a) ''ਵਾਰਿਸ ਸ਼ਾਹ ਨੇ 'ਹੀਰ-ਰਾਂਝੇ' ਦੀ ਪ੍ਰੀਤ-ਕਥਾ ਨੂੰ ਕੇਂਦਰ ਵਿਚ ਰੱਖਕੇ ਭੂਪਵਾਦੀ ਮੁੱਲ-ਵਿਧਾਨ ਵਾਲੇ ਤੱਤਕਾਲੀਨ ਸਮਾਜ ਦੀ ਮੁਕੰਮਲ ਤਸਵੀਰ ਪ੍ਰਸਤੁਤ ਕੀਤੀ ਹੈ ।'' ਇਸ ਕਥਨ ਬਾਰੇ ਉਦਾਹਰਨਾਂ ਸਹਿਤ ਟਿੱਪਣੀ ਕਰੋ । *20*

(b) '' 'ਬਾਰਹਮਾਹਾ ਤੁਖਾਰੀ' ਵਿਯੋਗ ਗ੍ਰਸਿਤ ਜੀਵ-ਇਸਤਰੀ ਦੇ ਮਨ ਦੀ ਵਿਆਕੁਲਤਾ ਨੂੰ ਸੰਚਾਰਿਤ ਕਰਨ ਵਾਲਾ ਬਾਣੀ-ਪਾਠ ਹੈ । ਇਸ ਵਿਚ ਕੁਦਰਤ ਦਾ ਵਰਣਨ ਸੰਯੋਗ ਅਤੇ ਵਿਯੋਗ ਨੂੰ ਚਿੱਤਰਣ ਲਈ ਕੀਤਾ ਗਿਆ ਹੈ ।'' ਇਸ ਕਥਨ ਬਾਰੇ ਚਰਚਾ ਕਰੋ । *15*

(c) ''ਸੇਖ਼ ਫ਼ਰੀਦ ਦੀ ਬਾਣੀ 'ਜੀਵਨ' ਦੀ ਨਾਸ਼ਵਾਨਤਾ ਅਤੇ 'ਮੌਤ' ਦੀ ਅਟੱਲਤਾ ਵਾਲਾ ਬਾਣੀ-ਪ੍ਰਵਚਨ ਹੈ । ਇਹ ਮਨੁੱਖ ਨੂੰ ਸਹਿਜ-ਸੁਰਤ ਵਾਲਾ ਸਾਦਾ ਜੀਵਨ ਜਿਊਣ ਲਈ ਪ੍ਰੇਰਦਾ ਹੈ ।'' ਇਸ ਕਥਨ ਬਾਰੇ ਵਿਸ਼ਲੇਸ਼ਨਾਤਮਿਕ ਟਿੱਪਣੀ ਕਰੋ । *15*

Q4. (a) ''ਬੁੱਲ੍ਹੇ ਸ਼ਾਹ ਦੀਆਂ 'ਕਾਫ਼ੀਆਂ' ਵਿਚ ਪ੍ਰਧਾਨ ਸਰੋਕਾਰ ਅੱਲ੍ਹਾਂ ਹੈ । ਉਸ ਦੀ ਤੜਪ ਉਸ ਲਈ ਹੈ । ਉਸ ਦਾ ਇਸ਼ਕ ਉਹ ਹੀ ਹੈ । ਉਸ ਦਾ ਮੁਰਸ਼ਦ, ਮਾਹੀ, ਜੋਗੀ, ਰਾਂਝਾ, ਢੋਲਾ ਉਹੀ ਹੈ । ਉਸ ਦੇ ਪਰਤੱਖ ਦੀਦਾਰ ਲਈ ਕਾਜ਼ੀ ਅਤੇ ਕਰਮਕਾਂਡ ਬੇਅਰਥ ਹਨ ।'' ਇਸ ਕਥਨ ਦੀ ਉਦਾਹਰਣਾ ਸਹਿਤ ਪੁਸ਼ਟੀ ਕਰੋ । *20*

(b) '' 'ਆਸਾ ਦੀ ਵਾਰ' ਵਿਚ ਪ੍ਰਚਲਿਤ ਸਨਾਤਨੀ ਅਤੇ ਇਸਲਾਮੀ ਕਰਮਕਾਂਡਾਂ ਦੀ ਨਿਰਾਰਥਕਤਾਂ ਦੇ ਪਰਿਪੇਖ ਵਿਚ 'ਨਾਮ' ਅਤੇ 'ਗੁਰੂ' ਸੰਕਲਪਾ ਰਾਹੀਂ ਸਹਿਜ-ਸੁਰਤ ਵਾਲਾ ਸੋਝੀ-ਮਾਰਗ ਪੇਸ਼ ਕੀਤਾ ਗਿਆ ਹੈ ।'' ਇਸ ਕਥਨ ਬਾਰੇ ਆਪਣੇ ਵਿਚਾਰ ਦਿਉ । *15*

(c) ''ਵਾਰਿਸ ਸ਼ਾਹ ਆਪਣੇ ਕਿੱਸੇ 'ਹੀਰ-ਰਾਂਝਾ' ਵਿਚ ਹੀਰ ਦੀ ਸੁੰਦਰਤਾ, ਰਾਂਝੇ ਦੀ ਦੀਵਾਨਗੀ ਅਤੇ ਉਹਨਾਂ ਦੇ ਲੌਕਿਕ ਅਤੇ ਦੈਵੀ ਇਸ਼ਕ ਨੂੰ ਵਿਸਤ੍ਰਿਤ ਪ੍ਰਤੀਕ ਪ੍ਰਬੰਧ ਰਾਹੀਂ ਪੇਸ਼ ਕਰਦਾ ਹੈ ।'' ਇਸ ਕਥਨ ਬਾਰੇ ਆਲੋਚਨਾਤਮਕ ਟਿੱਪਣੀ ਕਰੋ । *15*

Optional Province · optionalprovince.com

SECTION B

Q5. ਹੇਠ ਲਿਖੇ ਪੰਜਾਂ ਸਾਹਿਤਕ-ਖੰਡਾਂ ਦੀ ਪ੍ਰਸੰਗ ਸਹਿਤ, ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ ਭਾਗ) *10×5=50*

(a) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫੌਜਾ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜੇਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ, ਹਾਥੀ ਡਿੱਗਦੇ ਸਵੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤਕੇ ਅੰਤ ਨੂੰ ਹਾਰੀਆਂ ਨੀ । *10*

(b) ਊਧੋ ! ਕਾਹਨ ਦੀ ਗੱਲ ਸੁਣਾ ਸਾਨੂੰ,
ਕਾਹਨੂੰ ਚਿਬਗ ਚੁਆਤੀਆਂ ਲਾਈਆਂ ਨੀ ?
ਮਸਾਂ ਮਸਾਂ ਸਨ ਆਠਰਨ ਘਾਉ ਲੱਗੇ,
ਨਵੀਆਂ ਨਸ਼ਤਰਾਂ ਆਣ ਚਲਾਈਆਂ ਨੀ ।
ਅਸੀ ਕਾਲਜਾ ਘੁੱਟ ਕੇ ਬਹਿ ਗਏ ਸਾ,
ਮੁੜ ਕੇ ਸੁਤੀਆਂ ਕਲਾਂ ਜਗਾਈਆਂ ਨੀ । *10*

(c) ਪੁਰਾਣਾ ਕਿਲ੍ਹਾ ਵੇਖਿਆ । ਉਹ ਸ਼ੀਸ਼ਿਆਂ ਜੁੜੀਆਂ ਛੱਤਾਂ ਵੇਖੀਆਂ ਜਿਹਨਾਂ ਹੇਠ ਅਣਗਿਣਤ ਆਜ਼ਾਦੀ ਦੇ ਪਰਵਾਨਿਆਂ ਨੂੰ ਅਕਹਿ ਤਸੀਹੇ ਦਿਤੇ ਗਏ ਸਨ । ਉਹਨਾਂ ਦੀ ਕੁਰਬਾਨੀ ਨੇ ਕੇਵਲ ਭਾਰਤ ਨਹੀਂ ਸਗੋਂ ਪਾਕਿਸਤਾਨ ਦੀ ਆਜ਼ਾਦੀ ਦਾ ਦਿਨ ਵੀ ਨੇੜੇ ਲਿਆਂਦਾ ਪਰ ਇਥੇ ਕਿਤੇ ਵੀ ਉਹਨਾਂ ਦਾ ਜ਼ਿਕਰ ਤੱਕ ਕੀਤਾ ਨਹੀਂ ਮਿਲਦਾ, ਕਿਤੇ ਕੋਈ ਯਾਦਗਾਰ ਨਹੀਂ । ਕਿਲ੍ਹਾ ਕੇਵਲ ਇਕ ਸੈਰਗਾਹ ਬਣਾ ਦਿੱਤਾ ਗਿਆ ਹੈ । *10*

(d) ਪੁਰਾਤਨ ਕਾਲ ਵਿਚ ਪ੍ਰੇਮ ਕਰਨਾ ਇਸਤਰੀ ਦਾ ਫ਼ਰਜ ਸੀ, ਚਾਹੇ ਕਾਮਨ ਬਣ ਕੇ ਕਰੇ, ਚਾਹੇ ਸਿਪਾਹੀ ਦੀ ਵਹੁਟੀ ਬਣ ਕੇ । ਇਸ਼ਕ ਦਾ ਇਹ ਰੂਪ ਇਤਨਾ ਸਰਬ ਪ੍ਰਵਾਨ ਸੀ ਕਿ ਵਾਹਿਗੁਰੂ ਨੂੰ ਉਸ ਸਮੇਂ ਦੇ ਮਹਾਤਮਾਂ ਪੁਰਸਾਂ ਨੇ ਕੰਤ ਰੂਪ ਵਿਚ ਹੀ ਵੇਖਿਆ ਹੈ ਤੇ ਆਪ ਇਸਤਰੀ ਰੂਪ ਵਿਚ ਉਸ ਦੇ ਚਾਹੁਣ ਵਾਲੇ, ਪੂਜਣ ਵਾਲੇ ਹੋਏ ਹਨ । *10*

(e) ਸਾਡਾ ਜੀਵਨ-ਸ਼ਿਵਾਲਾ, ਕੁਝ ਸਮੇਂ ਤੋਂ ਤਿੜਕਦਾ ਫਿੱਸਦਾ ਜਾ ਰਿਹਾ ਹੈ, ਤੇ ਝੀਤਾਂ ਵਿਰਲਾਂ ਥਾਈ ਪੈਂਦੀਆਂ ਕਿਰਨਾਂ ਹੇਠਾਂ, ਸਾਡੇ ਸਾਰੇ ਪੂਜ ਬੁੱਤ ਜਿਨਾਂ ਨੂੰ ਅਸੀਂ ਮੋਤੀਚੂਰ ਦੇ ਭੋਗ ਲੁਆਂਦੇ ਸਾਂ, ਵੱਟੇ ਗੀਟੇ ਜਾਪਣ ਲੱਗ ਪਏ ਹਨ । ਜਿਸ ਸ਼ਿਵਾਲੇ ਦਾ ਹਰ ਕਿਣਕਾ ਸਕੀਵੀ ਜਾਇਦਾਦ ਸੀ, ਅੱਜ ਉਹ ਸਾਰਾ ਕੋਡੀਓ ਧਸਤਾ ਦਿੱਸਦਾ ਹੈ । *10*

Optional Province · optionalprovince.com

Q6. (a) ''ਜੰਗਨਾਮਾ (ਜੰਗ ਸਿੰਘਾਂ ਤੇ ਫ਼ਿਰੰਗੀਆਂ) ਵਿਚ ਸ਼ਾਹ ਮੁਹੰਮਦ ਨੇ ਪੰਜਾਬ ਦੀ ਰੂਹ ਨੂੰ ਚਿੱਤਰਦਿਆਂ, ਖਾਲਸੇ ਦੀ ਹਾਰ ਨੂੰ ਸਿੱਖ ਸਰਦਾਰਾਂ ਦੀ ਕਪਟੀ ਰਾਜਨੀਤੀ ਦੇ ਪਰਿਣਾਮ ਵੱਜੋਂ ਪੇਸ਼ ਕਰਕੇ, ਬਰਤਾਨਵੀ ਜਿੱਤ ਨੂੰ ਸਿਫ਼ਰ ਕਰ ਦਿੱਤਾ ।'' ਇਸ ਕਥਨ ਬਾਰੇ ਵਿਸ਼ਲੇਸ਼ਨਾਤਮਕ ਟਿੱਪਣੀ ਕਰੋ । *20*

(b) ''ਨਾਨਕ ਸਿੰਘ ਆਪਣੇ ਨਾਵਲ 'ਪਵਿੱਤਰ ਪਾਪੀ' ਵਿਚ ਮੱਧਵਰਗੀ ਪੰਜਾਬੀ ਪਰਿਵਾਰਕ ਪ੍ਰਸਥਿਤੀਆਂ ਦੀਆਂ ਮਨੋਵਿਗਿਆਨਕ ਪਰਤਾਂ ਰਾਹੀਂ ਤ੍ਰਾਸਦੀ ਵਾਲਾ ਬਿਰਤਾਂਤ ਸਿਰਜਦਾ ਹੈ ।'' ਇਸ ਕਥਨ ਬਾਰੇ ਆਲੋਚਨਾਤਮਕ ਟਿੱਪਣੀ ਕਰੋ । *15*

(c) ''ਸੰਤ ਸਿੰਘ ਸੇਖੋਂ ਪਰੰਪਰਾ ਅਤੇ ਵਰਤਮਾਨ ਦੇ ਸਾਹਿਤ-ਅਧਿਐਨ ਪਰਿਪੇਖ ਵਿਚ ਪੰਜਾਬੀ ਸਾਹਿਤ ਸਿਧਾਂਤ ਦੀ ਸਿਰਜਣਾ ਕਰਦਾ ਹੈ ।'' 'ਸਾਹਿਤਿਆਰਥ' ਅਤੇ 'ਪੰਜਾਬੀ ਕਾਵਿ ਸ਼ਿਰੋਮਣੀ' ਦੇ ਹਵਾਲੇ ਨਾਲ ਇਸ ਕਥਨ ਬਾਰੇ ਟਿੱਪਣੀ ਕਰੋ । *15*

Q7. (a) ''ਗੁਰਬਖ਼ਸ ਸਿੰਘ ਪ੍ਰੀਤਲੜੀ ਆਪਣੀਆਂ ਲਿਖਤਾਂ ਰਾਹੀਂ ਸਦਾਚਾਰ ਅਤੇ ਸ਼ਿਸ਼ਟਾਚਾਰ ਉਤੇ ਆਧਾਰਿਤ ਇਕ ਨਵੇਂ ਮੁੱਲ-ਵਿਧਾਨ ਵਾਲੇ ਸਮਾਜ ਦਾ ਸੁਪਨਾ ਸਿਰਜਦਾ ਹੈ ।'' 'ਜ਼ਿੰਦਗੀ ਦੀ ਰਾਸ' ਅਤੇ 'ਨਵਾਂ ਸ਼ਿਵਾਲਾ' ਦੇ ਆਧਾਰ 'ਤੇ ਇਸ ਕਥਨ ਬਾਰੇ ਟਿੱਪਣੀ ਕਰੋ । *20*

(b) ''ਧਨੀ ਰਾਮ ਚਾਤ੍ਰਿਕ ਨੇ ਆਪਣੀਆਂ ਕਾਵਿ ਕਿਰਤਾਂ ਵਿਚ ਪੰਜਾਬੀ ਜੀਵਨ ਦੇ ਪ੍ਰਾਕ੍ਰਿਤਕ, ਸਮਾਜਕ, ਧਾਰਮਿਕ ਅਤੇ ਰਾਜਨੀਤਕ ਪਾਸਾਰਾਂ ਨੂੰ ਅਲੰਕ੍ਰਿਤ ਕੀਤਾ ਹੈ ।'' 'ਸੂਫ਼ੀ-ਖਾਨਾਂ', 'ਚੰਦਨਵਾੜੀ' ਅਤੇ 'ਨਵਾਂ ਜਹਾਨ' ਦੇ ਹਵਾਲੇ ਨਾਲ ਚਰਚਾ ਕਰੋ । *15*

(c) ''ਬਲਵੰਤ ਗਾਰਗੀ ਆਪਣੇ ਨਾਟਕਾਂ ਦੇ ਨਾਰੀ ਪਾਤਰਾਂ ਦੀਆਂ ਮਨੋਵਿਗਿਆਨਕ ਪ੍ਰਸਥਿਤੀਆਂ ਨੂੰ ਬਹੁ-ਪਰਤੀ ਪਰਿਪੇਖ ਵਿਚ ਚਿੱਤਰਦਾ ਹੈ ।'' 'ਲੋਹਾ ਕੁੱਟ' ਅਤੇ 'ਧੂਣੀ ਦੀ ਅੱਗ' ਦੇ ਹਵਾਲੇ ਨਾਲ ਟਿੱਪਣੀ ਕਰੋ । *15*

Q8. (a) ''ਬਲਰਾਜ ਸਾਹਨੀ ਦੇ ਸਫ਼ਰਨਾਮੇ ਉਸ ਦੇ ਨਿੱਜ ਨਾਲ ਇਕਸੁਰਤਾ ਵਿਚ ਰਚੇ ਗਏ ਹਨ । ਇਹਨਾਂ ਵਿਚ ਉਸ ਦੀ ਵਿਚਾਰਧਾਰਾ ਅਤੇ ਉਸ ਦੀ ਆਪਣੀ ਜੰਮਣ-ਭੋਂ ਪ੍ਰਤੀ ਭਾਵੁਕ ਪਹੁੰਚ ਦ੍ਰਿਸ਼ਟੀਗੋਚਰ ਹੁੰਦੀ ਹੈ ।'' 'ਮੇਰਾ ਰੂਸੀ ਸਫ਼ਰਨਾਮਾ' ਅਤੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦੇ ਆਧਾਰ 'ਤੇ ਇਸ ਕਥਨ ਬਾਰੇ ਚਰਚਾ ਕਰੋ । *20*

(b) ''ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਆਗਮਨ ਨਾਲ ਪੰਜਾਬੀ ਗੱਦ ਸਾਹਿਤ ਵਿਚ ਇਕ ਨਵੇਂ ਯੁਗ ਦੀ ਸਿਰਜਨਾ ਹੁੰਦੀ ਹੈ । ਉਹ ਪੰਜਾਬੀ ਗੱਦ ਨੂੰ ਧਰਮ ਦੀ ਚਾਰਦੀਵਾਰੀ ਵਿਚੋਂ ਕੱਢ ਕੇ ਵਿਆਪਕਤਾ ਪ੍ਰਦਾਨ ਕਰਦਾ ਹੈ ।'' ਇਸ ਵਿਚਾਰ ਦੀ ਪੁਸ਼ਟੀ ਆਪਣੇ ਸ਼ਬਦਾਂ ਵਿੱਚ ਕਰੋ । *15*

Optional Province · optionalprovince.com

(c) ''ਨਾਨਕ ਸਿੰਘ ਆਪਣੇ ਨਾਵਲਾਂ ਵਿਚ ਤਤਕਾਲੀ ਪੰਜਾਬੀ ਸਮਾਜ ਦੇ ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਸਰੋਕਾਰਾਂ ਦੇ ਪਰਿਪੇਖ ਵਿਚ ਗਲਪੀ-ਬਿਰਤਾਂਤ ਸਿਰਜਦਾ ਹੈ ।'' 'ਚਿੱਟਾ ਲਹੂ' ਅਤੇ 'ਇਕ ਮਿਆਨ ਦੋ ਤਲਵਾਰਾਂ' ਦੇ ਹਵਾਲੇ ਨਾਲ ਇਸ ਕਥਨ ਬਾਰੇ ਆਲੋਚਨਾਤਮਕ ਟਿੱਪਣੀ ਕਰੋ । *15*

Optional Province · optionalprovince.com